**ਪੰਜਾਬ ਸਰਕਾਰ**
**ਯੋਜਨਾਬੰਦੀ ਵਿਭਾਗ**
**(ਖੇਤੀਬਾੜੀ ਸ਼ਾਖਾ)**

**<u>ਨੋਟੀਫਿਕੇਸ਼ਨ</u>**

16 ਅਪ੍ਰੈਲ, 2010
ਨੰ:25/26-ਪਸਪਬ-ਖੇ.ਅ.(ਐਨ.ਜੀ.ਓ.)-2010/4380

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾਪੂਰਵਕ ਗੈਰ ਸਰਕਾਰੀ ਸੰਸਥਾਵਾਂ ਦੇ ਰੋਲ ਨੂੰ ਰਾਜ ਦੇ ਵਿਕਾਸ ਕਾਰਜਾਂ ਵਿੱਚ ਉੱਨਤ ਕਰਨ ਲਈ ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦਾ ਹੇਠ ਅਨੁਸਾਰ ਪੁਨਰ ਗਠਨ ਕਰਦੇ ਹਨ:-

| | | |
|---|---|---|
| 1) | ਡਿਪਟੀ ਕਮਿਸ਼ਨਰ | ਚੇਅਰਮੈਨ |
| 2) | ਜ਼ਿਲ੍ਹੇ ਦਾ ਚੀਫ ਮੈਡੀਕਲ ਅਫਸਰ | ਮੈਬਰ |
| 3) | ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ | ਮੈਬਰ |
| 4) | ਜ਼ਿਲ੍ਹਾ ਸਮਾਜਿਕ ਭਲਾਈ ਅਫਸਰ | ਮੈਬਰ |
| 5) | ਜ਼ਿਲ੍ਹਾ ਸਿੱਖਿਆ ਅਫਸਰ (ਜ) | ਮੈਬਰ |
| 6) | ਵਧੀਕ ਡਿਪਟੀ ਕਮਿਸ਼ਨਰ (ਵਿਕਾਸ) | ਮੈਂਬਰ ਸਕੱਤਰ |
| 7) | ਉਪ-ਅਰਥ ਅਤੇ ਅੰਕੜਾ ਸਲਾਹਕਾਰ | ਵਧੀਕ ਸਕੱਤਰ |

ਡਿਪਟੀ ਕਮਿਸ਼ਨਰ ਸਮੇ-ਸਮੇ ਤੇ ਜਿਵੇਂ ਉਚਿਤ ਸਮਝੇ ਗੈਰ-ਸਕਰਾਰੀ ਸੰਸਥਾਵਾਂ ਦੇ ਅਜਿਹੇ ਪ੍ਰਤੀਨਿਧਾਂ ਦਾ ਸਹਿਯੋਗ ਲੈ ਸਕਦੇ ਹਨ।

2. ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੇ ਚੇਅਰਮੈਨ ਦੇ ਫੈਸਲੇ ਅਨੁਸਾਰ ਕਮੇਟੀ ਸਮੇ-ਸਮੇ ਸਿਰ ਅਤੇ ਮਿੱਥੇ ਸਥਾਨ ਤੇ ਇੱਕਤਰਿਤ ਹੋਵੇਗੀ। ਕਮੇਟੀ ਦੇ ਕਾਰਜ ਹੇਠ ਅਨੁਸਾਰ ਹੋਣਗੇ:-

(i) ਜ਼ਿਲ੍ਹੇ ਵਿੱਚ ਸਰਕਾਰੀ ਸੰਗਠਨ-ਗੈਰ ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਸਬੰਧਤ ਮੁੱਦਿਆਂ ਨੂੰ ਸੰਬੋਧਨ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਨਾ, ਮੰਡਲ ਅਤੇ ਗ੍ਰਾਮ ਪੰਚਾਇਤ ਪੱਧਰ ਤੇ ਗੈਰ ਸਰਕਾਰੀ ਸੰਸਥਾਵਾਂ ਅਤੇ ਸਰਕਾਰ ਵਿਚਕਾਰ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ।

(ii) ਨੀਤੀ ਸਰਵੇਖਣ ਸਮੀਖਿਆ ਅਤੇ ਵਿਕਾਸ ਲਈ ਅਪੈਕਸ ਕਮੇਟੀ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨਾ।

(iii) ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼), ਸਰਕਾਰੀ ਸੰਗਠਨਾਂ-ਗੈਰ ਸਰਕਾਰੀ ਸੰਸਥਾਵਾਂ ਦੇ ਸਹਿਯੋਗ ਆਦਿ ਦੇ ਤਾਮੀਲ ਦੇ ਮੂਲਅੰਕਣ ਲਈ ਸਵੈ-ਵਿਨਿਯਮਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਦੇਣੀ।

(iv) ਤਤਕਾਲੀਨ ਦਸਤਾਵੇਜ਼ਾਂ ਦੀ ਸੰਭਾਲ ਕਰਨਾ: :

(ੳ) ਸਪਸ਼ਟ ਵਰਗੀਕਰਣ ਸਮੇਤ ਸਮੁੱਚੇ ਜ਼ਿਲ੍ਹੇ ਦੇ ਸਾਰੇ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਦੇ ਅੰਕੜੇ ਅਧਾਰਿਤ

(ਅ) ਵੱਖ-ਵੱਖ ਗਰੀਬੀ ਨਿਵਾਰਨ ਅਤੇ ਵਿਕਾਸ ਪ੍ਰੋਗ੍ਰਾਮਾਂ ਵਿੱਚ ਭਾਈਵਾਲੀ ਪ੍ਰਬੰਧ।
(ੲ) ਐਮ.ਓ.ਯੂਜ਼ ਦੀਆਂ ਭਿੰਨ-ਭਿੰਨ ਭਾਈਵਾਲੀਆਂ।
(ਸ) ਹਰੇਕ ਭਾਈਵਾਲੀ ਸਕੀਮਾਂ ਅਧੀਨ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਦੀ ਸੂਚੀ ਅਤੇ ਚੋਣ ਪ੍ਰਕਿਰਿਆ।
(ਹ) ਭਿੰਨ-ਭਿੰਨ ਭਾਈਵਾਲੀਆਂ ਦੀ ਪ੍ਰਭਾਵਕਤਾ।
(ਕ) ਸਰਕਾਰੀ ਸੰਗਠਨ (ਜੀ.ਓ.)-ਗੈਰ ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਦੇ ਸਹਿਯੋਗ ਨਾਲ ਸਬੰਧਤ ਵੱਖ-ਵੱਖ ਮੀਟਿੰਗਾਂ ਅਤੇ ਵਰਕਸ਼ਾਪਾਂ ਦੀ ਕਾਰਵਾਈ ਦੀ ਸੰਖੇਪ ਰਿਪੋਰਟ/ਕਾਰਵਾਈਆਂ।

(v) ਅਪੈਕਸ ਕਮੇਟੀ ਤੋਂ ਹਦਾਇਤਾਂ ਅਤੇ ਸੇਧਾਂ ਤੇ ਆਧਾਰਤ ਵੱਖ-ਵੱਖ ਸਰਕਾਰੀ ਪ੍ਰੋਗ੍ਰਾਮਾਂ ਲਈ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਨੂੰ ਚੁਣਨਾ।
(vi) ਵੱਖ-ਵੱਖ ਪ੍ਰੋਗ੍ਰਾਮਾਂ ਵਿੱਚ ਅਪੈਕਸ ਕਮੇਟੀ ਦੇ ਸਹਿਯੋਗ ਨਾਲ ਭਾਈਵਾਲੀ ਪ੍ਰਭਾਵਕਤਾ ਤੇ ਮੂਲਾਂਕਣ ਅਤੇ ਅਣਵਰਤੀ ਸਮੀਖਿਆ ਦਾ ਸੰਚਾਲਨ ਕਰਨਾ।
(vii) ਜ਼ਿਲ੍ਹਾ ਪੱਧਰੀ ਕਮੇਟੀਆਂ ਸਮੇਂ-ਸਮੇਂ ਤੇ ਯੋਜਨਾਬੰਦੀ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਤੇ ਰਾਜ ਸਰਕਾਰ ਦੀਆਂ ਪਾਲਿਸੀ ਸੇਧਾਂ ਅਨੁਸਾਰ ਗੈਰ-ਸਰਕਾਰੀ ਸੰਸਥਾਵਾਂ ਤੋਂ ਪ੍ਰਾਪਤ ਕੀਤੀ ਗਈ ਗ੍ਰਾਂਟ ਲਈ ਬਿਨੈ-ਪੱਤਰਾਂ ਤੇ ਕਾਰਵਾਈ ਕਰਨਗੀਆਂ ਅਤੇ ਪਲਾਨ ਸਕੀਮ ਪੀ.ਐਮ.6 'ਗੈਰ-ਸਰਕਾਰੀ ਸੰਸਥਾਵਾਂ ਨੂੰ ਸਹਾਇਤਾ' ਅਧੀਨ ਗ੍ਰਾਂਟ ਦੀ ਪ੍ਰਵਾਨਗੀ ਲਈ ਸਬੰਧਤ ਓਹੀ ਪ੍ਰਬੰਧਕੀ ਵਿਭਾਗਾਂ ਨੂੰ ਬਿਨੈ-ਪੱਤਰ ਅੱਗੇ ਭੇਜਣਗੀਆਂ।

3.. ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੇ ਮੈਂਬਰਾਂ ਨੂੰ ਕੋਈ ਸਫਰੀ ਭੱਤਾ/ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।

4. ਇਸ ਕਮੇਟੀ ਦੀ ਮਿਆਦ ਪੰਜ ਸਾਲ ਹੋਵੇਗੀ।

ਸਤੀਸ਼ ਚੰਦਰਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ

ਚੰਡੀਗੜ੍ਹ
ਮਿਤੀ: 15 ਅਪ੍ਰੈਲ, 2010

ਇਸ ਦੀ ਇੱਕ ਕਾਪੀ ਸਕੱਤਰ ਟੂ ਮੁੱਖ ਸਕੱਤਰ ਜੀ ਨੂੰ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਸਹੀ/-
ਡਾਇਰੈਕਟਰ ਪਲਾਨਿੰਗ

ਵੱਲ

ਸਕੱਤਰ/ਮੁੱਖ ਸਕੱਤਰ, ਪੰਜਾਬ।

ਗ.ਸ.ਪੱ.ਨੰ:25/26-ਪਸਪਬ-ਖੋ.ਅ.(ਐਨ.ਜੀ.ਓ.)-2010/4381 ਮਿਤੀ 16/4/2010

ਪਿੱਠ ਅੰਕਣ ਨੰ:25/26-ਪਸਪਬ-ਖੋ.ਅ.(ਐਨ.ਜੀ.ਓ.)-2010/4382-90 ਮਿਤੀ 16/4/2010

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ।
2) ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਪਸੂ ਪਾਲਣ, ਡੇਅਰੀ ਵਿਕਾਸ
ਤੇ ਮੱਛੀ ਪਾਲਣ ਵਿਭਾਗ।
3) ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਪੇਡੂ ਵਿਕਾਸ ਤੇ ਪੰਚਾਇਤ ਵਿਭਾਗ।
4) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ।
5) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ
ਬਾਲ ਵਿਕਾਸ ਭਲਾਈ ਵਿਭਾਗ।
6) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ।
7) ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।
8) ਡਾਇਰੈਕਟਰ, ਸੋਸਵਾ (ਐਨ), ਕਮਰਾ ਨੰ: 19,
ਪਹਿਲੀ ਮੰਜ਼ਿਲ, ਕਰੁਨਾ ਸਦਨ,
ਸੈਕਟਰ 11-ਬੀ, ਚੰਡੀਗੜ੍ਹ।
9) ਰੀਜਨਲ ਡਾਇਰੈਕਟਰ, ਕੌਂਸਲ ਫਾਰ ਅਡਵਾਂਸਮੈਟ ਆਫ ਪੀਪਲਜ
ਐਕਸ਼ਨ ਐਡ ਰੂਰਲ ਟਕਨਾਲੋਜੀ(ਕਪਾਰਟ),
ਐਸ.ਸੀ.ਓ. 179-180, ਸੈਕਟਰ 17-ਸੀ, ਚੰਡੀਗੜ੍ਹ।

ਸਹੀ/-
ਡਾਇਰੈਕਟਰ ਪਲਾਨਿੰਗ

ਪਿੱਠ ਅੰਕਣ ਨੰ:25/26-ਪਸਪਬ-ਖੋ.ਅ.(ਐਨ.ਜੀ.ਓ.)-2010/4391-97 ਮਿਤੀ 16/4/2010

ਇਸ ਦਾ ਇੱਕ ਉਤਾਰਾ ਸਮੂਹ ਜ਼ਿਲ੍ਹਿਆਂ ਦੇ ਨਿਮਨ-ਲਿਖਤ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਿਪਟੀ ਕਮਿਸ਼ਨਰ
2) ਚੀਫ ਮੈਡੀਕਲ ਅਫਸਰ
3) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ
4) ਜ਼ਿਲ੍ਹਾ ਸਮਾਜਿਕ ਭਲਾਈ ਅਫਸਰ
5) ਜ਼ਿਲ੍ਹਾ ਸਿੱਖਿਆ ਅਫਸਰ (ਜ)
6) ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
7) ਉਪ-ਅਰਥ ਅਤੇ ਅੰਕੜਾ ਸਲਾਹਕਾਰ

ਸਹੀ/-
ਡਾਇਰੈਕਟਰ ਪਲਾਨਿੰਗ

ਪਿੱਠ ਅੰਕਣ ਨੰ:25/26-ਪਸਪਬ-ਖੋ.ਅ.(ਐਨ.ਜੀ.ਓ.)-2010/4398 ਮਿਤੀ 16/4/2010

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਸਰਕਾਰੀ ਗਜਟ ਵਿੱਚ ਪ੍ਰਕਾਸ਼ਨ ਹਿੱਤ ਭੇਜਿਆ ਜਾਂਦਾ ਹੈ

ਸਹੀ/-
ਡਾਇਰੈਕਟਰ ਪਲਾਨਿੰਗ